**ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਐਚ.ਪੀ.ਐਲ ਐਡੀਟਿਵਜ਼ ਵੱਲੋਂ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਭਗਵਾਨਪੁਰ, ਤਹਿਸੀਲ ਡੇਰਾਬਸੀ, ਜਿਲ੍ਹਾ ਐਸ.ਏ.ਐਸ ਨਗਰ ਵਿਖੇ ਸਥਿਤ ਹੈ, ਵਿੱਚ ਤਜਵੀਜਤ ਵਾਧੇ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 25.07.2018 ਦੀ ਕਾਰਵਾਈ ।**

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. **ਸ੍ਰੀ ਚਰਨ ਦੇਵ ਸਿੰਘ ਮਾਨ, ਪੀ.ਸੀ.ਐਸ,**
   **ਅਡੀਸ਼ਨਲ ਡਿਪਟੀ ਕਮਿਸ਼ਨਰ (ਜਨ),**
   **ਐਸ.ਏ.ਐਸ ਨਗਰ।**

2. **ਇੰਜ. ਰਾਜ਼ੀਵ ਸ਼ਰਮਾਂ,**
   **ਵਾਤਾਵਰਣ ਇੰਜੀਨੀਅਰ (ਮੈਗਾ),**
   **ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ**
   **ਪਟਿਆਲਾ।**

3. **ਇੰਜ. ਲਵਨੀਤ ਕੁਮਾਰ,**
   **ਵਾਤਾਵਰਣ ਇੰਜੀਨੀਅਰ**
   **ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ**
   **ਖੇਤਰੀ ਦਫਤਰ, ਐਸ.ਏ.ਐਸ ਨਗਰ।**

ਵਾਤਾਵਰਨ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ ਨੇ **ਮੈਸ. ਐਚ.ਪੀ.ਐਲ ਐਡੀਟਿਵਜ਼, ਪਿੰਡ ਭਗਵਾਨਪੁਰ, ਤਹਿਸੀਲ ਡੇਰਾਬਸੀ, ਜਿਲ੍ਹਾ ਐਸ.ਏ.ਐਸ ਨਗਰ** ਵਲੋਂ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਵਾਤਾਵਰਣ ਕਲੀਅਰੈਂਸ ਲਈ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਕਰ ਰਹੇ ਅਤੇ ਦੇਖਭਾਲ ਕਰ ਰਹੇ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ। ਉਹਨਾਂ ਹਾਜਰ ਲੋਕਾਂ ਨੂੰ ਦੱਸਿਆ ਕਿ ਇੰਡਸਟਰੀ ਵੱਲੋਂ **ਪਿੰਡ ਭਗਵਾਨਪੁਰ, ਤਹਿਸੀਲ ਡੇਰਾਬਸੀ, ਜਿਲ੍ਹਾ ਐਸ.ਏ.ਐਸ ਨਗਰ** ਵਿਖੇ ਲੱਗੇ ਆਪਣੇ ਯੂਨਿਟ ਵਿੱਚ ਬਣ ਰਹੇ ਪ੍ਰੋਡਕਟ ਹਾਈਡਰਾਜਾਈਨ ਹਾਈਡਰੇਟ ਦੀ ਕਪੈਸ਼ਟੀ 10 ਟਨ ਪ੍ਰਤੀ ਮਹੀਨਾ ਤੋਂ ਵਧਾਉਣ ਅਤੇ ਹੋਰ 12 ਪ੍ਰੋਡਕਟ ਜਿਵੇਂ ਕਿ ਕੇ-10, ਕੇ-30, ਕੇ-135ਐਲ, ਕੇ-57ਐਲ, ਕੇ-18ਐਲ, ਕੇ-28, ਕੇ-ਡੀਏ, ਐਚ ਸੀ-301, ਹਾਈਡਰਾਜਾਈਨ, ਹਾਈਡਰੇਜ਼ੋ-ਡਾਇਕਾਰਬੋਨਾਮਾਇਡ (ਐਚ ਡੀ ਸੀ), ਐਜੋ-ਡਾਇਕਾਰਬੋਨਾਮਾਇਡ (ਏ ਡੀ ਸੀ) ਅਤੇ ਐਡੀਪਿਕ ਡੀ ਹਾਈਡਰਾਜਾਈਡ ((ਏ ਡੀ ਐਚ) ਅਤੇ ਹੋਰ ਬਾਈ-ਪ੍ਰੋਡੈਕਟ, ਜਿਹਨਾਂ ਦਾ ਕੁਲ ਉਤਪਾਦਨ 2253 ਟਨ ਪ੍ਰਤੀ ਮਹੀਨਾ ਹੋਵੇਗਾ ਬਨਾਉਣ ਦਾ ਪ੍ਰਸਤਾਵ ਹੈ । ਉਹਨਾਂ ਨੇ ਹਾਜਰ ਲੋਕਾਂ ਨੂੰ ਦੱਸਿਆ ਕਿ ਇਸ ਕਿਸਮ ਦੇ ਯੂਨਿਟ ਲਗਾਉਣ ਤੋ ਪਹਿਲਾਂ ਇੰਡਸਟਰੀ ਨੇ ਜਨਤਕ ਸੁਣਵਾਈ ਕਰਵਾਉਣੀ ਬਣਦੀ ਹੈ । ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ

ਪ੍ਰਸਤਾਵਤ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਐਸ.ਏ.ਐਸ.ਨਗਰ; ਜਿਲ੍ਹਾ ਪਰੀਸ਼ਦ ਐਸ.ਏ.ਐਸ ਨਗਰ; ਜਨਰਲ ਮੈਨੇਜਰ, ਜਿਲਾ ਉਦਯੋਗਿਕ ਕੇਂਦਰ, ਐਸ.ਏ.ਐਸ ਨਗਰ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਖੇਤਰੀ ਦਫਤਰ, ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਐਸ.ਏ.ਐਸ.ਨਗਰ, ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਜਨਤਾ ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਦੋ ਮਹੱਤਵਪੂਰਨ ਅਖਬਾਰਾਂ ਅਰਥਾਤ ਦੀ ਹਿੰਦੁਸਤਾਨ ਟਾਈਮਜ਼ (ਅੰਗਰੇਜੀ ਰੋਜਾਨਾ) ਵਿੱਚ ਅਤੇ ਅਜੀਤ (ਪੰਜਾਬੀ) ਵਿੱਚ ਮਿਤੀ 23.06.2018 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇਂ ਦਾ ਪਤਾ ਲੱਗ ਜਾਵੇ। ਨਾਲ ਹੀ ਕਿ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋਂ ਪਹਿਲਾਂ ਵੇਖਿਆ ਜਾ ਸਕਦਾ ਹੈ। ਇਸ ਤੋਂ ਪਿੱਛੋਂ ਉਹਨਾਂ ਇੰਡਸਟਰੀ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ. ਰਿਪੋਰਟ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਪ੍ਰੋਮੋਟਰ ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਤਜ਼ਵੀਜਤ ਪ੍ਰੋਜੈਕਟ ਬਾਰੇ ਹੇਠ ਲਿਖੇ ਅਨੁਸਾਰ ਜਨਤਾ ਨੂੰ ਦੱਸਿਆ:-

- ਮੈਸ: ਐਚ.ਪੀ.ਐਲ. ਐਡੀਟੀਵਜ਼ ਲਿਮਟਿਡ ਨੇ ਇਸਦੀ ਕੈਮੀਕਲ ਪ੍ਰੋਸੈਸਿੰਗ ਇਕਾਈ ਜ਼ੋ ਕਿ ਪਿੰਡ: ਭਗਵਾਨਪੁਰ, ਬਲਾਕ/ਤਹਿਸੀਲ: ਡੇਰਾਬਸੀ, ਜ਼ਿਲ੍ਹਾਂ: ਸਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ ਸਥਿਤ ਹੈ ਦਾ ਵਿਸਥਾਰ ਕਰਨ ਦਾ ਪ੍ਰਸਤਵ ਹੈ ।
- ਇਕਾਈ ਵਿੱਚ ਕੇਵਲ ਇਕੋ ਉਤਪਾਦ ਲਈ ਉਤਾਪਾਦਨ ਸਮਰੱਥਾ 110 ਮੀਟਰਿਕ ਟਨ ਹੈ ਹਾਈਡਰਾਜ਼ਈਨ ਹਾਈਡਰੇਟ ਪ੍ਰਸਤਾਵਿਤ ਪਸਾਰ ਵਿੱਚ ਹਾਈਡ੍ਰੇਜਿਨ ਸਮੇਤ 13 ਉਤਪਾਦ ਸਾਮਲ ਹੋਣਗੇ 2253 ਮੀਟਰਿਕ ਪ੍ਰਤੀ ਮਹੀਨਾ ਦੀ ਪ੍ਰਸਤਾਵਿਤ ਸੰਚਤ ਸਮਰੱਥਾ ਹੈ। ਯੂਨਿਟ ਇਸ ਅਨੁਸਾਰ ਚੱਲੇਗਾ ਜ਼ੀਰੋ ਲਿਕੁਡਿ ਡਿਸਚਾਰਜ (ਜੈਡਐਲਡੀ) ਦੀ ਧਾਰਨਾ ਪਾਣੀ ਦੇ ਅਧੀਨ ਗੈਰ-ਪ੍ਰਦੂਸ਼ਣ ਵਾਲੀ ਇਕਾਈ ਬਣ ਗਈ । ਵਾਟਰ ਐਕਟ, 1974 ਅਤੇ ਏਅਰ ਐਕਟ, 1981 ਦੇ ਅਨੁਕੂਲ ਹੋਣ ਲਈ ਲੋੜੀਦੀ ਹਵਾ ਪ੍ਰਦੂਣ ਕੰਟਰੋਲ ਯੰਤਰ ਲਗਾਓ ਸਿੰਥੈਟਿਕ ਲਈ ਐਮਈਈਐਫ ਅਤੇ ਸੀਸੀ ਦਿਾ ਨਿਰਦੇਸਾਂ ਅਨੁਸਾਰ ਵਾਤਾਵਰਣ ਪ੍ਰਬੰਧਨ ਯੋਜਨਾ ਜੈਵਿਕ ਕੈਮੀਕਲ ਇੰਡਸਟਰੀ ਦਾ ਸੁਝਾਅ ਈ. ਆਈ. ਏ. ਵਿਸਥਾਰ ਦੀ ਪ੍ਰਕਿਰਿਆ ਦੇ ਦੌਰਾਨ । ਪ੍ਰਸਤਾਵਿਤ ਵਿਸਥਾਰ ਲਈ ਇਕਾਈ 67414.57 ਵਰਗ ਮੀਟਰ ਦੀ ਮਾਲਕੀ ਵਾਲੀ ਜ਼ਮੀਨ ਤੋ ਬਾਹਰ ਜੋ ਕਿ ਹਰੀ ਬੈਲਟ ਅਤੇ 15000.00 ਵਰਗ ਮੀਟਰ ਲਈ 16,000.00 ਵਰਗ ਮੀਟਰ ਦੀ ਉਸਾਰੀ ਕੀਤੀ ਜਾਵੇਗੀ। ਪੌਦੇ ਲਗਾਉਣ ਦੇ ਸੰਕਲਪਾਂ ਦੇ ਹੋਰ ਵਿਕਾਸ ਲਈ ਜ਼ਮੀਨ ਖੁੱਲ੍ਹੀ ਜਗ੍ਹਾ ਹੋਵੇਗੀ।

ਇਕਾਈ ਨੋਟੀਫਿਕੇਨ ਅਨੁਸਾਰ ਫਰੀ ਇੰਟਰਪ੍ਰਾਈਜ਼ ਜ਼ੋਨ ਤੇ ਸਥਿਤ ਹੈ। 3/4/87-3 ਆਈਬੀ 1/311 ਮਿਤੀ 09/01/1990 ਸਰਕਾਰ ਦੁਆਰਾ ਪੰਜਾਬ ਦੇ ਉਦਯੋਗ ਵਿਭਾਗ ਇਸ ਤਰ੍ਹਾਂ ਵਿਸਥਾਰ ਲਈ ਜ਼ਮੀਨ ਉਦਯੋਗਿਕ ਜ਼ਮੀਨ ਦੀ ਵਰਤੋ ਦੇ ਅਧੀਨ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਮੁੜ-ਵਸੇਬੇ ਦੀ ਲੋੜ ਨਹੀ ਹੋਵੇਗੀ।

ਪ੍ਰਸਤਾਵਿਤ ਪਸਾਰ ਦਾ ਇਕ ਯੂਨਿਟ ਡੇਰਾ-ਬਸੀ ਬਰਨਾਲਾ ਵਾਲਾ ਸੜਕ ਨਾਲ ਜੁੜਿਆ ਹੋਇਆ ਹੈ ਐਨ.ਐਚ. 152 ਨਾਲ ਇਕਾਈ ਨੂੰ ਜੋੜਦਾ ਹੈ। ਨੇੜੇ ਦੇ ਰੇਲਵੇ ਕੁਨੈਕਸਨ ਘੱਗਰ ਸਟੇਸਨ ਨਾਲ ਹੈ। 8 ਕਿਲੋਮੀਟਰ ਦੀ ਦੂਰੀ ਅਤੇ ਸਭ ਤੋ ਨੇੜਲੇ ਹਵਾਈ ਅੱਡੇ ਚੰਡੀਗੜ੍ਹ ਦੇ ਤਕਰੀਬਨ 25 ਕਿਲੋਮੀਟਰ ਦੂਰ ਹੈ। ਸਭ ਤੋ ਨਜ਼ਦੀਕੀ ਵਾਈਲਡਲਾਈਡ ਖੇਤਰ ਚੱਟੀਬੁਰ ਜਾਉਲੋਜੀਕਲ ਪਾਰਕ ਹੈ ਜੋ ਕਿ 9.8 ਕਿਲੋਮੀਟਰ ਦੀ ਦੂਰੀ ਤੇ ਹੈ। ਯੂਨਿਟ 1 ਕਿ.ਮੀ ਦੀ ਦੂਰੀ ਨਾਲ ਪੰਜਾਬ਼ ਹਰਿਆਣਾ ਅੰਤਰਰਾਜੀ ਸਰਹੱਦ ਦੀ ਨਜ਼ਦੀਕੀ ਹੈ

ਪ੍ਰਸਤਾਵਿਤ ਪਸਾਰ ਪ੍ਰੋਜੈਕਟ ਨੇ ਮਾਹਰ ਮੁਲਾਂਕਣ ਲਈ ਅਰਜ਼ੀ ਦਿੱਤੀ ਹੈ ਕਮੇਟੀ ਵਾਤਾਵਰਨ ਮੰਤਰਾਲੇ, ਜੰਗਲਾਤ ਅਤੇ ਮੌਸਮ ਬਦਲਾਅ ਅਤੇ ਮਾਨਤਾ ਪ੍ਰਾਪਤ ਮਿਆਰੀ ਹਵਾਲਾ ਨੰ: ਆਈ.ਏ-11011/460/2017- ਆਈਏ II (I) ਮਿਤੀ 26/10/2017 ਅਨੁਸਾਰ ਵਾਤਾਵਰਣ ਪ੍ਰਭਾਵ ਮੁਲਾਂਕਣ ਰਿਪੋਰਟ ਤਿਆਰ ਕੀਤੀ ਗਈ ਹੈ

ਨਿਰਧਾਰਤ ਟੀ. ਆਰ. ਅੰਕ

ਵਾਤਾਵਰਣ ਪ੍ਰਭਾਵ ਮੁਲਾਂਕਣ (ਈ.ਆਈ.ਏ) ਦਾ ਅਧਿਐਨ ਮੈਟਰਾਂ ਦੁਆਰਾ ਕੀਤਾ ਗਿਆ ਹੈ। ਐਸ ਬੀ ਏ ਐਨਿਰੋ ਸਿਸਟਮ ਪ੍ਰਾਈਵੇਟ, ਲਿਮਿਟਡ, ਇੱਕ NABET ਮਾਨਤਾ ਪ੍ਰਾਪਤ ਈਆਈਏ ਕੰਸਲਟੈਂਟ ਆਧਾਰਲਾਈਨ ਦੀ ਨਿਗਰਾਨੀ ਦੇ ਅਨੁਸਾਰ ToR ਪ੍ਰਾਜੈਕਟ ਲੋੜ ਨਵੰਬਰ, 2017 ਤੋ ਜਨਵਰੀ, 2018 ਦੌਰਾਨ ਮੈਟਰਾਂ ਦੁਆਰਾ ਕੀਤੀ ਗਈ ਹੈ। ਆਈਟੀਲ ਲੈਬਜ਼ ਪ੍ਰਾਈਵੇਟ ਲਿਮਟਿਡ, ਜੋ ਕਿ ਇੱਕ ਐਨਏਐਬਲਐਲ ਅਤੇ ਮੋਇਐਫ ਅਤੇ ਸੀਸੀ ਐਕਸੀਡਿਡ ਵਾਤਾਵਰਣ ਨਿਗਰਾਨੀ ਹੈ।

ਪ੍ਰਾਜੈਕਟ ਦੀ ਅੰਦਾਜ਼ਨ ਲਾਗਤ 231.02 ਕਰੋੜ ਹੋਵੇਗੀ। ਅਨੁਮਾਨਿਤ ਵਾਤਾਵਰਣ ਸੁਰੂਆਤੀ ਯੋਜਨਾਵਾਂ ਲਈ ਪ੍ਰਬੰਧਨ ਦੀ ਲਾਗਤ 10.33 ਕਰੋੜ ਰੁਪਏ ਅਤੇ ਆਵਰਤੀ ਈ ਐਮ ਪੀ ਲਾਗਤ 2.16 ਕਰੋੜ ਰੁਪਏ ਹੈ।

ਜਿਸ ਵਿੱਚ ਏਅਰ ਪ੍ਰਦੂਣ ਕੰਟਰੋਲ ਸਹੂਲਤ, ਐਫੂਐਟ ਟਰੀਟਮੈਟ ਸਹੂਲਤ ਦੀ ਅਪਗਰੇਡੇਨ ਨਿਗਰਾਨੀ, ਬਗੀਚਾ, ਨਵਿਆਉਣਯੋਗ ਊਰਜਾ ਬੁਟਿਆਦੀ ਢਾਂਚੇ ਦੇ ਵਿਕਾਸ, ਰੇਨ ਵਾਟਰ, ਫਸਲਾਂ ਦੀ ਕਮੀ, ਸਿਹਤ ਅਤੇ ਸੁਰੱਖਿਆ ਦੀ ਸੁਵਿਧਾ ਆਦਿ, ਇਸ ਤੋ ਇਲਾਵਾ, ਯੂਨਿਟ ਨੇ 2.72 ਕਰੋੜ ਦਾ ਅੰਦਾਜ਼ਾ ਲਗਾਇਆ ਹੈ । ਪ੍ਰਸਤਾਵਿਤ ਪ੍ਰੋਜੈਕਟ ਲਈ ਕਾਰਪੋਰੇਟ ਵਾਤਾਵਰਣ ਨੀਤੀ ਲਈ ਬਜਟ ਪ੍ਰਬੰਧ ਜੋ ਸਮਾਜਿਕ ਜੰਗਲਾਤ ਪ੍ਰੋਗਰਾਮ, ਪੌਡ ਪਰਿਵਰਤਨ, ਪੇਡੂ ਸਫਾਈ ਆਦਿ ਸ਼ਾਮਿਲ ਹਨ। ਮੌਜੂਦਾ ਪ੍ਰੋਜੈਕਟ ਲਈ ਯੂਟਿਲਟੀਆਂ ਦੀਆਂ ਸਹੂਲਤਾਂ ਦੀ ਜ਼ਰੂਰਤ ਹੈ, ਮੌਜੂਦਾ ਇਕਾਈ 30 ਟੀਪੀਐਚ ਬਾਇਲਰ ਹੈ 8 ਟੀਪੀਐਚ ਬਾਇਲਰ,

1500 ਦੀ ਸਮਰੱਥਾ ਵਾਲੇ 3 ਕੂਲਿੰਗ ਟਾਵਰ, 1750, 2000 ਟੀ ਆਰ ਕ੍ਰਮਵਾਰ, 2 500 ਟੀਆਰ ਦੀ ਸਮਰੱਥਾ ਵਾਲੇ ਚਿਲਿੰਗ ਪ੍ਰਣਾਲੀ, 1 ਦੀ ਸਮਰੱਥਾ ਵਾਲੇ ਥਰਮਿਕ ਫਲੀਇਡ ਹੀਟਰ ਲੱਖ kcal ਅਤੇ ਭਾਫ ਟਰਬਾਈਨਾ

- ਬਿਜਲੀ ਦੀ ਕੁੱਲ ਲੋੜ 7278 ਕਿਲੋਵਾਟ ਹੋਵੇਗੀ 5150 ਕਿਲੋਵਾਟ ਦੀ ਸਪੁਰਦ ਕੀਤੀ ਜਾਵੇਗੀ। ਪੀ ਐਸ ਪੀ ਸੀ ਐਲ ਗਰਿੱਡ ਅਤੇ ਵਾਧੂ ਤੌਰ ਤੇ 3000 ਕੇ.ਵੀ.ਏ ਭਾਫ ਟਰਬਾਈਨ ਦੀ ਵਰਤੋ ਕੀਤੀ ਜਾਵੇਗੀ। ਕੈਪਟਿਵ ਲਈ ਲੋੜ, ਯੂਨਿਟ 2000 ਦੇ 2 ਕੇ.ਵੀ.ਏ.ਡੀ.ਜੀ. ਦੇ ਮੌਜੂਦਾ 320 ਕੇ.ਵੀ.ਏ.ਡੀ.ਜੀ. ਸੈਟ
- ਆਉਣ ਵਾਲੇ ਵਿਸਥਾਰ ਪ੍ਰਜੈਕਟ ਲਈ 1290 ਕਿਲੋਗ੍ਰਾਮ ਪਾਣੀ ਦੀ ਲੋੜ ਪਵੇਗੀ, ਜਿਸ ਵਿਚੋ 840 ਕਿਲੋਗ੍ਰਾਮ ਪਾਣੀ ਦੇ ਸ੍ਰੋਤ ਤੋ ਪ੍ਰਾਪਤ ਕੀਤਾ ਜਾਵੇਗਾ, ਜਿਵੇ ਕਿ ਗਰਾਊਡ ਵਾਟਰ ਅਤੇ 450 ਕੇ.ਐਲ.ਡੀ. ਤੋ ਰੀਸਾਈਕਲ ਕੀਤਾ ਜਾਵੇਗਾ। ਈਟੀਪੀ ਤੋ ਪਾਣੀ ਦਾ ਇਲਾਜ ਯੂਨਿਟ ਤੋ ਬਾਹਰ ਕੋਈ ਵੀ ਪ੍ਰਦੂਸ਼ਣ ਨਿਕਾਸ ਨਹੀ ਹੋਵੇਗਾ, ਜਿਵੇਂਕਿ ਯੂਨਿਟ ਦੇ ਰੋਜ਼ਾਨਾ ਲੋੜ ਦੇ ਅੰਦਰ ਸਮੁੱਚੇ ਪ੍ਰਵਾਹ ਨੂੰ ਰੀਸਾਈਕਲ ਕਰੇਗਾ।

ਵਿਸਥਾਰ ਕਰਨ ਤੋ ਬਾਅਦ ਡੀਜ਼ਲ ਦੇ ਲਈ 900 ਲੀਟਰ ਪ੍ਰਤੀ ਘੰਟਾ ਹੋ ਜਾਵੇਗਾ, ਜੋ ਬਿਜਲੀ ਦੀ ਘਾਟ ਦੇ ਦੌਰਾਨ ਕੰਮ ਕਰੇਗਾ ਤਕਰੀਬਨ 1000 ਮੀਟਰਕ ਪੈਟ ਕੋਕ ਦੀ ਲੋੜ ਪਵੇਗੀ ਬੋਇਲਰ ਅਤੇ ਥਰਮਿਕ ਫਲੀਇਡ ਹੀਟਰ ਦਾ ਸੰਚਾਲਨ।

- ਅਨੁਮਾਨਿਤ ਕੂੜਾ ਪਾਣੀ ਉਤਾਪਾਦਨ 450 ਕੇ.ਐਲ.ਡੀ, ਜਿਸਦਾ ਟਰੀਟਮੈਂਟ ਕੀਤਾ ਜਾਵੇਗਾ ਅਤੇ ਇਸ ਦੇ ਅੰਦਰ ਰੀਸਾਈਕਲ ਕੀਤਾ ਜਾਵੇਗਾ। ਜ਼ੈਡਐਲਡੀ ਨਿਯਮਾਂ ਅਨੁਸਾਰ ਯੂਨਿਟ ਪ੍ਰਕਿਰਿਆ ਈਟੀਪੀ ਤੋ ਸਲੱਜ ਪੀੜ੍ਹੀ ਹੋਵੇਗੀ। 10 ਮੀਟਰਿਕ ਟਨ / ਮਹੀਨਾ, ਅਤੇ ਹੋਰ ਖਤਰਨਾਕ ਰਹਿੰਦ-ਖੂਹੰਦ ਜਿਵੇ ਕਿ ਵਰਤਿਆ ਗਿਆ ਤੇਲ ਪ੍ਰਕਿਰਿਆ ਸਲੱਜ, ਵਰਤੇ ਗਏ ਤੇਲ ਸਿਰਫ ਕੂੜੇ ਦੇ ਰੀਸਾਈਕਲਰ ਨੂੰ ਅਧਿਕਾਰਤ ਕਰਨ ਲਈ ਤਬਦੀਲ ਕੀਤਾ ਜਾ ਸਕਦਾ ਹੈ। ਐ ਨੂੰ ਤਾਜ਼ੇ ਨਾਲ ਦੁਬਾਰਾ ਵਰਤਿਆ ਜਾਵੇਗਾ।

ਪਾਲਤੂ ਕੋਕ ਨੂੰ ਬਾਲਣ ਦੇ ਰੂਪ ਵਿੱਚ ਬਾਇਲਰ ਨੂੰ ਇਲੈਕਟ੍ਰੋਸਟੈਰਿਕ ਪ੍ਰੇਸਿਪੀਟੇਟਰ (ਈਐਸਪੀ) ਅਤੇ ਫਲੂ ਗੈਸ ਨਾਲ ਲੈਸ ਕੀਤਾ ਜਾਵੇਗਾ ਡੀਸਫੁਰਾਈਜ਼ੇਨ (ਐਫਜੀਡੀ) ਥਰਮਿਕ ਫਲੀਇਡ ਹੀਟਰ ਵੈਟ ਸਕਾਰਬੇਰ ਨਾਲ ਤਿਆਰ ਕੀਤਾ ਜਾਵੇਗਾ। ਭਗੌੜਾ ਕਲੋਰੀਨ ਤੋ ਨਿਕਲਣ ਵਾਲੀ, ਅਮੋਨੀਆ ਦੇ ਪਰਬੰਧਨ ਖੇਤਰ ਨੂੰ ਵੈਟ ਸਕਾਰਬੇਰ ਨਾਲ ਲਗਾਇਆ ਜਾਵੇਗਾ ਅਤੇ ਸਬੰਧਿਤ ਏਅਰ ਤੋ ਹਵਾ ਦੇ ਪ੍ਰਦਸ਼ੂਣ ਨੂੰ ਕੰਟਰੋਲ ਕੀਤਾ ਜਾਵੇਗਾ । ਡੀ.ਜੀ.ਸੈਟ ਦੇ ਡਿਜਾਇਨ ਇਹੋ ਜਿਹੇ ਤਿਆਰ ਕੀਤੇ ਜਾਣਗੇ ਜਿਹਨਾਂ ਉਪਰ ਅਕੋਸਟਿਕ ਕਵਰ ਹੋਵੇ ਅਤੇ ਔਕਸੀਡੇਸ਼ਨ ਕੈਟਾਲਿਕ ਕਨਵਰਟਰ ਹੋਵੇ ।

ਯੂਨਿਟ ਵਲੋਂ ਹਰ ਸਾਲ 1 ਲੱਖ ਪੋਦੇ ਲਗਾਉਣ ਦੀ ਯੋਜਨਾ ਹੈ ਜਿਸ ਵਿੱਚ ਗਰੀਨ ਬੈਲਟ ਵਿਕਸ਼ਤ ਕਰਨਾ ਸੋਸ਼ਲ ਪਲਾਂਟੇਸ਼ਨ ਵੀ ਸਾਮਲ ਹੈ ਤਾਂ ਕਿ ਗਰੀਨ ਹਾਊਸ ਦੀ ਗੈਸ ਘੱਟ ਕੀਤੀ ਜਾ ਸਕੇ ।

ਪ੍ਰਸਤਾਵਿਤ ਪ੍ਰੋਜੈਕਟ ਦੇ ਵਿਸਥਾਰੀ ਲਈ 330 ਮਾਨਵ ਸੰਸਧਾਨ ਦੀ ਜਰੂਰਤ ਹੋਵੇਗੀ। ਪ੍ਰੋਜੈਕਟ ਦੀ ਉਸਾਰੀ ਦੋਰਾਨ, ਸਕਿਲਡ ਅਤੇ ਅਨਸਕਿਲਡ ਵਰਕਰਾਂ ਦੀ ਜਰੂਰਤ ਹੋਵੇਗੀ ਜ਼ੋ ਕਿ ਨੇੜੇ ਦੀ ਆਬਾਦੀ ਤੋਂ ਪ੍ਰਾਪਤ ਕੀਤੀ ਜਾਵੇਗੀ ।

ਯੂਨਿਟ, ਕੁਆਲਟੀ, ਵਾਤਾਰਵਣ, ਹੈਲਥ ਐਂਡ ਸੇਫਟੀ ਮੈਨੇਜਮੈਂਟ ਸਟੈਡਰਡ ਤਸਦੀਕਸ਼ੁਦਾ ਹੋਵੇਗਾ ਅਤੇ ਯੂਨਿਟ ਸਮਾਜਿਕ ਅਤੇ ਵਾਤਾਵਰਣਿਕ ਟਿਕਾਊ ਤਰੀਕੇ ਨਾਲ ਚਲਾਇਆ ਜਾਵੇਗਾ ।

ਇਸ ਤੋਂ ਬਾਅਦ, ਸਹਾਇਕ ਵਾਤਾਵਰਨ ਇੰਜੀਨੀਅਰ, ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਖੇਤਰੀ ਦਫਤਰ, ਐਸ.ਏ.ਐਸ ਨਗਰ ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 (ਸਮੇਂ ਸਮੇਂ ਤੇ ਸੋਧੀ ਹੋਈ) ਦੇ ਮੁਤਾਬਿਕ, ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ ਸਕਦੇ ਹਨ। ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋਂ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋਂ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ। ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ਼ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ, ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋਂ ਬੋਰਡ ਨੂੰ ਨਹੀਂ ਮਿਲੇ ਹਨ।

ਇਸ ਤੋਂ ਪਿੱਛੋਂ ਮੌਕੇ ਤੇ ਮੌਜੂਦ ਲੋਕਾਂ ਵੱਲੋਂ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋਂ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| **ਲੜੀ ਨੰ:** | **ਵਿਅਕਤੀ ਦਾ ਨਾਂ** | **ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ** | **ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ** |
|---|---|---|---|
| 1 | ਸ੍ਰੀ ਜਗਦੀਸ਼ ਸਿੰਘ, ਪੰਚ, ਪਿੰਡ ਕੂੜਾਂਵਾਲਾ, ਜਿਲਾ ਐਸ.ਏ.ਐਸ. ਨਗਰ | ਉਸਨੇ ਕਿਹਾ ਕਿ ਜਿਵੇਂ ਕਿ ਪ੍ਰੋਜੈਕਟ ਪ੍ਰਪੋਨੈਂਟ ਵਲੋਂ ਵਾਅਦਾ ਕੀਤਾ ਗਿਆ ਹੈ, ਰੁਜਗਾਰ ਨੇੜਲੇ ਪਿੰਡਾਂ ਦੇ ਨੋਜਵਾਨਾਂ ਨੂੰ ਦੇਣਾ ਚਾਹੀਦਾ ਹੈ । ਉਸਨੇ ਅੱਗੇ ਕਿਹਾ ਕੁਝ ਇੰਡਸਟਰੀਆਂ ਵਲੋਂ ਆਪਣਾ ਗੰਦਾ ਪਾਣੀ ਬੋਰ ਕਰਕੇ ਧਰਤੀ ਵਿੱਚ ਪਾਇਆ ਜਾ ਰਿਹਾ ਹੈ । ਨੇੜਲੇ 3 4 ਪਿੰਡਾਂ ਦਾ ਪਾਣੀ ਖਰਾਬ ਹੋ ਚੁੱਕਾ ਹੈ ਅਤੇ ਪੀਣ ਯੋਗ ਨਹੀਂ ਹੈ । 50-60 ਲੋਕ ਕੈਂਸਰ ਦੀ ਬਿਮਾਰੀ | ਪ੍ਰੋਜੈਕਟ ਪ੍ਰਪੋਨੈਂਟ ਵਲੋਂ ਦੱਸਿਆ ਗਿਅ:-<br>1) ਰੁਜਗਾਰ ਲੋਕਲ ਵਿਅਕਤੀਆਂ ਨੂੰ ਦਿੱਤਾ ਜਾਵੇਗਾ ਕਿਉਂਕਿ ਲੋਕਲ ਇੰਪਲਾਈ ਹਮੇਸਾਂ ਲਾਭਦਾਇਕ ਹੁੰਦਾ ਹੈ । ਸਿਰਫ ਸਕਿਲਡ ਵਿਅਕਤੀ ਹੀ ਬਾਹਰੋਂ ਰੱਖੇ ਜਾਣਗੇ ਜੇਕਰ ਇੱਥੋਂ ਉਪਲਬਧ ਨਾ ਹੋਏ । ਮੈਨੇਜਮੈਂਟ ਵਲੋਂ ਇਹ ਪਹਿਲਾਂ ਹੀ |

| | | | |
|---|---|---|---|
| | | ਕਾਰਨ ਮਰ ਗਏ ਹਨ । ਉਸਨੇ ਅੱਗੇ ਕਿਹਾ ਕਿ ਹਰ ਕੋਈ ਵਿਅਕਤੀ ਆਪਣਾ ਵਾਟਰ ਫਿਲਟਰ ਨਹੀਂ ਲਗਵਾ ਸਕਦਾ । ਪਾਣੀ ਨੂੰ ਸੋਧ ਕੇ ਦੁਬਾਰਾ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ ਅਤੇ ਇਸ ਨੂੰ ਧਰਤੀ ਵਿੱਚ ਨਹੀਂ ਸੁੱਟਣਾ ਚਾਹੀਦਾ । | ਤਜਵੀਜ਼ ਕੀਤਾ ਜਾ ਚੁੱਕਾ ਹੈ ।<br>2) ਪਾਣੀ ਨੂੰ ਸੋਧਣ ਵਾਲੇ ਯੰਤਰ ਲਗਾਉਣ ਲਈ ਫੰਡ ਐਲੋਕੇਟ ਕੀਤੇ ਜਾ ਚੁੱਕੇ ਹਨ ।<br>ਉਸਨੇ ਭਰੋਸਾ ਦਿੱਤਾ ਕਿ ਪ੍ਰੋਜੈਕਟ ਦੇ ਵਾਧੇ ਕਾਰਨ ਪ੍ਰਦੂਸ਼ਣ ਸੰਬੰਧੀ ਕੋਈ ਵੀ ਸਮੱਸਿਆ ਨਹੀਂ ਹੋਵੇਗੀ। |
| 2) | ਸ੍ਰੀ ਕਾਕਾ ਸਿੰਘ, ਸਾਬਕਾ ਸਰਪੰਚ, ਪਿੰਡ ਭਗਵਾਨਪੁਰ, ਜਿਲਾ ਐਸ.ਏ.ਐਸ. ਨਗਰ | ਉਸਨੇ ਕਿ ਕਿਹਾ ਕਿ ਮੋਜੂਦਾ ਯੂਨਿਟ ਤੋਂ ਕੋਈ ਪ੍ਰਦੂਸ਼ਣ ਨਹੀਂ ਹੈ । ਇਸ ਤੋਂ ਪਹਿਲਾਂ ਇਲਾਕੇ ਵਿੱਚ ਸੁਆਹ ਹੁੰਦੀ ਸੀ ਪਰ ਇਹ ਨਹੀਂ ਪਤਾ ਇਹ ਸੁਆਹ ਕਿਹੜੇ ਯੂਨਿਟ ਤੋਂ ਪੈਦਾ ਹੁੰਦੀ ਹੈ । ਵਾਤਾਵਰਣ ਵਿੱਚ ਸੁਆਹ ਹਾਲੇ ਵੀ ਮੋਜੂਦ ਹੈ ਜਿਸ ਨਾਲ ਉਹਨਾਂ ਦੇ ਚਿੱਟੇ ਕੱਪੜੇ ਕਾਲੇ ਹੋ ਜਾਂਦੇ ਹਨ । ਇਸ ਤੋਂ ਪਹਿਲਾਂ ਪ੍ਰੋਜੈਕਟ ਪ੍ਰਪੋਨੈਂਟ ਵਲੋਂ ਇੰਡਸਟਰੀ ਵਿੱਚ ਜਾਣ ਨਹੀਂ ਦਿੱਤਾ ਜਾਂਦਾ ਸੀ । ਸਾਡੇ ਪਿੰਡ ਦੇ ਕਿਸੇ ਵੀ ਨੋਜਵਾਨ ਨੂੰ ਰੁਜਗਾਰ ਨਹੀਂ ਦਿੱਤਾ ਗਿਆ । ਫੈਕਟਰੀ ਵਿੱਚ ਵਾਧੇ ਨਾਲ ਸਾਨੂੰ ਕੋਈ ਨੁਕਸਾਨ ਨਹੀਂ ਹੋਣਾ ਚਾਹੀਦਾ । ਜਿਵੇਂ ਕਿ ਪਹਿਲਾਂ ਵੀ ਕਿਹਾ ਗਿਆ ਗੰਦਾ ਪਾਣੀ ਸੋਧਿਆ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਬਾਹਰ ਨਹੀਂ ਸੁੱਟਿਆ ਜਾਣਾ ਚਾਹੀਦਾ ਹੈ । ਰੁਜਗਾਰ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ । | ਪ੍ਰੋਜੈਕਟ ਪ੍ਰਪੋਨੈਂਟ ਨੇ ਦੱਸਿਆ ਉਹਨਾਂ ਮੋਜੂਦਾ ਯੂਨਿਟ ਇੱਕ ਛੋਟਾ ਜਿਹਾ ਯੂਨਿਟ ਹੈ । ਉਹਨਾਂ ਵਲੋਂ ਈਂਧਨ ਦੇ ਤੋਰ ਪੈਟ ਕੋਕ ਵਰਤਿਆ ਜਾ ਰਿਹਾ ਹੈ ਇਸ ਲਈ ਉਹਨਾਂ ਦੇ ਯੂਨਿਟ ਤੋਂ ਸੁਆਹ ਦੀ ਸਮੱਸਿਆ ਨਹੀਂ ਹੈ । ਉਹ ਕਿਸੇ ਹੋਰ ਯੂਨਿਟ ਬਾਰੇ ਕੰਮੈਂਟ ਨਹੀਂ ਕਰ ਸਕਦੇ । ਉਹਨਾਂ ਦੀ ਕੰਪਨੀ ਦੀ ਨੀਤੀ ਮੁਤਾਬਿਕ ਉਹ ਲੋਕਲ ਵਿਅਕਤੀਆਂ ਨੂੰ ਹੀ ਰੁਜਗਾਰ ਦੇਣਗੇ । ਰੁਜਗਾਰ ਦੇ ਸੰਬੰਧ ਵਿੱਚ ਉਹ ਜਿਲਾ ਰੁਜਗਾਰ ਦਫਤਰ ਵਿੱਚ ਜਾਣਕਾਰੀ ਐਕਸਚੈਂਜ ਕਰਨਗੇ । ਉਹਨਾਂ ਦਾ ਇੱਕ ਯੂਨਿਟ ਪਲਵਲ, ਹਰਿਆਣਾ ਵਿੱਚ ਹੈ ਜਿੱਥੇ ਕੁਲ 250 ਵਿਅਕਤੀਆਂ ਨੂੰ ਰੁਜਗਾਰ ਦਿੱਤਾ ਗਿਆ ਹੈ, ਜਿਨ੍ਹਾਂ ਵਿੱਚੋਂ 175 ਵਿਅਕਤੀ ਲੋਕਲ ਹਨ । ਉਹਨਾਂ ਦਾ ਮੋਜੂਦਾ ਯੂਨਿਟ, ਜਿਸ ਦੀ ਵਿਸਥਾਰ ਦੀ ਤਜਵੀਜ਼ ਹੈ ਇੱਕ ਬਹੁਤ ਛੋਟਾ ਯੂਨਿਟ ਹੋਣ ਕਰਕੇ ਇੱਥੇ ਕੋਈ ਵੱਡਾ ਅਧਿਕਾਰੀ ਨਹੀਂ ਰਹਿੰਦਾ ਸੀ ਜ਼ੋ ਕਿ ਆਮ ਜਨਤਾ ਨੂੰ ਸੁਣ ਸਕੇ । ਪਰੰਤੂ ਇਸ ਦੇ ਵਿਸਥਾਰ ਤੋਂ ਬਾਅਦ ਇਸ ਚੀਜ ਦਾ ਖਿਆਲ ਰੱਖਿਆ ਜਾਵੇਗਾ । ਇੰਡਸਟਰੀ ਦੀ ਨੀਤੀ ਮੁਤਾਬਿਕ ਜ਼ੋ ਵੀ ਵਿਅਕਤੀ ਇੰਡਸਟਰੀ ਅੰਦਰ ਆਉਂਦਾ ਹੈ ਸੇਫਟੀ ਅਤੇ ਸਕਿਉਟੀ ਕਾਰਨ ਉਸਦੀ ਰਜਿਸਟਰ ਵਿੱਚ ਐਂਟਰੀ ਕੀਤੀ ਜਾਦੀ ਹੈ । |
| 3) | ਸ੍ਰੀ ਗੁਰਪ੍ਰੀਤ ਸਿੰਘ, ਸਰਪੰਚ, ਸਮੇਤ ਪੰਚਾਇਤ, ਪਿੰਡ ਰਾਮਪੁਰ ਸੈਣੀਆਂ, | ਉਸਨੇ ਵਧੀਕ ਡਿਪਟੀ ਕਮਿਸ਼ਨਰ ਦਾ ਸਵਾਗਤ ਕੀਤਾ । ਉਸਨੇ ਕਿਹਾ ਕਿ ਉਹ ਪ੍ਰੋਜੈਕਟ ਪ੍ਰਪੋਨੈਂਟ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਉਹਨਾਂ ਨੇ ਇਹ | ਉਠਾਏ ਗਏ ਮੁੱਦਿਆਂ ਦਾ ਪ੍ਰੋਜੈਕਟ ਪ੍ਰਪੋਨੈਂਟ ਵਲੋਂ ਪਹਿਲਾਂ ਹੀ ਜਵਾਬ ਦਿੱਤਾ ਜਾ ਚੁੱਕਾ ਹੈ ਅਤੇ ਦੁਹਰਾਇਆ |

| | | | |
|---|---|---|---|
| | ਜਿਲਾ ਐਸ.ਏ.ਐਸ. ਨਗਰ | ਪ੍ਰੋਜੈਕਟ ਇੱਥੇ ਲਿਆਉਣ ਬਾਰੇ ਸੋਚਿਆ । ਪ੍ਰੋਜੈਕਟ ਦੇ ਵਾਧੇ ਨਾਲ ਰੁਜਗਾਰ ਦੇ ਜਿਆਦਾ ਮੌਕੇ ਪੈਦਾ ਹੋਣਗੇ । ਸਿੱਧੇ ਅਤੇ ਅਸਿੱਧੇ ਰੁਜਗਾਰ ਦੇ ਮੌਕੇ ਪੈਦਾ ਹੋਣਗੇ । ਹਰ ਚੀਜ ਨੂੰ ਨਕਾਰਤਮਕ ਨਿਗਾਹ ਨਾਲ ਨਹੀਂ ਦੇਖਣਾ ਚਾਹੀਦਾ । ਘੱਟੋ-ਘੱਟ 50 ਪ੍ਰਤੀਸ਼ਤ ਰੁਜਗਾਰ ਇਲਾਕੇ ਦੇ ਨੌਜਵਾਨਾਂ ਨੂੰ ਮਿਲਣਾ ਚਾਹੀਦਾ ਹੈ । ਇੱਥੇ ਸੁਆਹ ਦੀ ਸਮੱਸਿਆ ਹੈ ਜਿਸ ਦੀ ਪਛਾਣ ਕਰਨੀ ਚਾਹੀਦੀ ਹੈ । ਇੱਥੇ ਪਾਣੀ ਦੀ ਵੀ ਸਮੱਸਿਆ ਹੈ । ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਫੀਲਡ ਸਟਾਫ ਨੂੰ ਇਸ ਬਾਰੇ ਪਤਾ ਹੋਣਾ ਚਾਹੀਦਾ ਹੈ । ਧਰਤੀ ਵਿੱਚੋਂ ਪਾਣੀ ਕੱਢਿਆ ਜਾ ਰਿਹਾ ਹੈ ਜਿਸ ਨਾਲ ਹਰ ਸਾਲ ਪਾਣੀ ਦਾ ਲੈਵਲ ਹੇਠਾਂ ਜਾ ਰਿਹਾ ਹੈ । ਇੰਡਸਟਰੀਆਂ ਵਲੋਂ ਜਿਆਦਾ ਪਾਣੀ ਕੱਢਿਆ ਜਾ ਰਿਹਾ ਹੈ । ਇਸ ਤੋਂ ਪਹਿਲਾਂ ਪਾਣੀ ਦਾ ਲੈਵਲ 60 ਫੁੱਟ ਸੀ ਜ਼ੋ ਕਿ ਹੁਣ 300 ਫੁੱਟ ਹੋ ਗਿਆ । ਸਾਨੂੰ ਆਉਣ ਵਾਲੀ ਜਨਰੇਸ਼ਨ ਵਾਸਤੇ ਸੁਰੱਖਿਅਤ ਅਤੇ ਚੰਗਾ ਭਵਿੱਖ ਦੇਣਾ ਚਾਹੀਦਾ ਹੈ । ਇਲਾਕੇ ਦੀ ਤਰੱਕੀ ਲਈ ਪਲਾਂਟ ਦਾ ਵਿਸਥਾਰ ਹੋਣਾ ਚਾਹੀਦਾ ਹੈ । | ਜਾਂਦਾ ਹੈ । |
| 4) | ਸ੍ਰੀ ਮਨੋਜ਼ ਰਾਜਪੂਤ, ਪਰੈਸ ਰਿਪੋਰਟਰ, ਰੋਜ਼ਾਨਾ ਭਾਸਕਰ, ਡੇਰਾ-ਬੱਸੀ । | ਉਸਨੇ ਕਿਹਾ ਕਿ ਇੰਡਸਟਰੀ ਲੱਗਣੀ ਚਾਹੀਦੀ ਹੈ ਅਤੇ ਉਹ ਇਸ ਦਾ ਸਵਾਗਤ ਕਰਦਾ ਹੈ, ਪ੍ਰੰਤੂ ਪ੍ਰਦੂਸ਼ਣ ਰੋਕਥਾਮ ਉਪਾਅ ਕਰਨੇ ਚਾਹੀਦੇ ਹਨ । ਇੰਡਸਟਰੀ ਲੱਗਣ ਨਾਲ, ਇਲਾਕੇ ਵਿੱਚ ਬਹੁਤ ਪ੍ਰਦੂਸ਼ਣ ਹੋ ਜਾਵੇਗਾ । ਜਿਆਦਾਤਰ ਕੈਮੀਕਲ ਯੂਨਿਟ ਇਸ ਏਰੀਏ ਵਿੱਚ ਲੱਗੇ ਹਨ । ਹਜਾਰਡਸ ਵੇਸਟ ਪਲਾਂਟ ਅਤੇ 5-6 ਮੀਟ ਪਲਾਂਟ ਇਸ ਏਰੀਏ ਵਿੱਚ ਲੱਗੇ ਹਨ । ਇਲਾਕੇ ਦੇ ਲੋਕਾਂ ਨੂੰ ਇੰਡਸਟਰੀਆਂ ਨੇ ਕੋਈ ਰੁਜਗਾਰ ਨਹੀਂ ਦਿੱਤਾ । ਮਿਊਂਸਪਲ ਸੋਲਿਡ ਵੈਸਟ ਸਾਈਟ ਪਿੰਡ ਸਮਗੋਲੀ ਵਿਖੇ ਲੱਗ ਰਹੀ ਹੈ । ਉਸਨੇ ਅੱਗੇ ਕਿਹਾ ਕਿ ਜਨਤਕ ਸੁਣਵਾਈ ਬਾਰੇ ਮੀਡੀਏ ਨੂੰ ਕੋਈ ਸੂਚਨਾ ਨਹੀਂ ਦਿੱਤੀ ਗਈ | ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ ਨੇ ਦੱਸਿਆ ਕਿ ਜਨਤਕ ਸੁਣਵਾਈ ਬਾਰੇ ਜਾਣਕਾਰੀ ਪ੍ਰਮੁੱਖ ਅਖਬਾਰਾਂ ਵਿੱਚ ਪਹਿਲਾਂ ਦਿੱਤੀ ਜਾ ਚੁੱਕੀ ਹੈ । ਵੱਖਰੇ ਤੌਰ ਤੇ ਮੀਡੀਏ ਨੂੰ ਜਾਣਕਾਰੀ ਨਹੀਂ ਦਿੱਤੀ ਜਾਂਦੀ । ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ ਐਸ.ਏ.ਐਸ ਨਗਰ ਨੇ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਮੀਡੀਏ ਦੇ ਇੱਕ ਵਿਅਕਤੀ ਜ਼ੋ ਡੇਰਾ-ਬੱਸੀ ਵਿੱਚ ਹੈ ਨੂੰ ਜ਼ਨਤਕ ਸੁਣਵਾਈ ਬਾਰੇ ਜਾਣਕਾਰੀ ਦਿੱਤੀ ਜਾਵੇਗੀ । ਜਿਹੜੀਆਂ ਇੰਡਸਟਰੀਆਂ ਨੇ ਕੰਨਸੈਂਟ ਪ੍ਰਾਪਤ ਕੀਤੀ ਹੋਈ ਹੈ, ਨੇ ਪ੍ਰਦੂਸ਼ਣ ਕੰਟਰੋਲ ਯੰਤਰ ਲਗਵਾਏ ਹੋਏ ਹਨ। |

| | | | |
|---|---|---|---|
| | | । ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਸੈਂਪਲ ਲਏ ਜਾਂਦੇ ਹਨ ਪਰ ਮੀਡੀਏ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ । ਉਹ ਇਸ ਪ੍ਰਜੈਕਟ ਦੀ ਆਲੋਚਨਾ ਕਰਦੇ ਹਨ । ਜਿਆਦਾਤਰ ਮੁਰਗੀ ਫਾਰਮ ਇਸ ਇਲਾਕੇ ਵਿੱਚ ਲੱਗੇ ਹਨ । ਸ੍ਰ: ਪਰਗਟ ਸਿੰਘ, ਐਮ.ਐਲ.ਏ ਵਲੋਂ ਮਿਓਂਸਪਲ ਸੋਲਿਡ ਵੈਸਟ ਦਾ ਪਲਾਂਟ ਜਲੰਧਰ ਵਿਖੇ ਲੱਗਣ ਦਾ ਵਿਰੋਧ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫਾ ਦੇ ਦਿੱਤਾ ਸੀ । | ਫਿਰ ਵੀ ਇੰਡਸਟਰੀਆਂ ਵਲੋਂ ਪ੍ਰਦੂਸ਼ਣ ਕੰਟਰੋਲ ਯੰਤਰ ਚਲਾਉਣ ਲਈ ਉਹਨਾਂ ਉਪਰ ਸਖਤ ਚੋਕਸੀ ਰੱਖੀ ਗਈ ਹੈ ਅਤੇ ਭਵਿੱਖ ਵਿੱਚ ਵੀ ਰੱਖੀ ਜਾਵੇਗੀ । |
| 5 | ਸ਼੍ਰੀਮਤੀ ਮਨਜੀਤ ਕੋਰ, ਪ੍ਰਧਾਨ ਇਸਤਰੀਵਿੰਗ, ਸ਼੍ਰੋਮਣੀ ਅਕਾਲੀ ਦਲ, ਪਿੰਡ ਭਗਵਾਨਪੁਰ, ਜਿਲਾ ਐਸ.ਏ.ਐਸ. ਨਗਰ | ਉਸਨੇ ਦੱਸਿਆ ਕਿ ਪਹਿਲਾਂ ਉਸਨੂੰ ਇਸ ਇੰਡਸਟਰੀ ਤੋਂ ਗਿਲਾ-ਸਿਕਵਾ ਸੀ ਪਰ ਹੁਣ ਇਹਨਾਂ ਵਲੋਂ ਇਲਾਕੇ ਦੇ ਪਿੰਡਾਂ ਦੇ ਨੋਜਵਾਨਾਂ ਨੂੰ ਰੁਜਗਾਰ ਦਾ ਭਰੋਸਾ ਦਿੱਤਾ ਹੈ ਅਤੇ ਇਹ ਵੀ ਭਰੋਸਾ ਦਿੱਤਾ ਹੈ ਕਿ ਉਹ ਪਿੰਡ ਦੇ ਹੋਰ ਵਿਕਾਸ ਦੇ ਕੰਮਾਂ ਵਿੱਚ ਵੀ ਸਹਿਯੋਗ ਕਰਨਗੇ । ਰੁਜਗਾਰ ਇਲਾਕੇ ਦੇ ਨੋਜਵਾਨਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਉਹਨਾਂ ਨੂੰ ਨਸਿਆਂ ਦੀ ਲੱਤ ਤੋਂ ਬਚਾਇਆ ਜਾ ਸਕੇ । | |

ਇਸ ਤੋਂ ਬਾਅਦ ਵਧੀਕ ਡਿਪਟੀ ਕਮਿਸ਼ਨਰ, ਐਸ.ਏ.ਐਸ ਨਗਰ ਨੇ ਜਨਤਾ ਦਾ ਸਵਾਗਤ ਕੀਤਾ ਅਤੇ ਕਿਹਾ ਕਿ:

- ਉਹਨਾਂ ਦੇ ਸਾਰੇ ਮਸਲੇ ਡਿਸਕਸ ਕਰ ਲਏ ਹਨ ਅਤੇ ਉਹ ਸਾਰੇ ਮਸਲੇ ਡਿਸਕਸ ਕਰਕੇ ਅਤੇ ਸੁਲਝਾਅ ਕੇ ਹੀ ਜਾਣਗੇ ।
- ਇਲਾਕੇ ਦੇ ਤਰੱਕੀ ਕਰਨ ਲਈ ਕਾਰਪੋਰੇਟ ਸ਼ੋਸਲ ਰਿਸਪੋਨਸੀਬਿਲਟੀ ਗਤੀਵਿਧੀਆ ਬਹੁਤ ਜਰੂਰੀ ਹਨ ਜ਼ੋ ਕਿ ਇੰਡਸਟਰੀ ਨੂੰ ਕਰਨੀ ਹੀ ਹੋਵੇਗੀ ।
- ਉਹਨਾਂ ਵਲ਼ੋ ਪ੍ਰੋਜੈਕਟ ਪ੍ਰਪੋਨੈਂਟ ਨੂੰ ਪਹਿਲਾਂ ਹੀ ਕਿਹਾ ਗਿਆ ਹੈ ਕਿ ਰੁਜਗਾਰ ਇਲਾਕੇ ਦੇ ਨੋਜਵਾਨਾਂ ਨੂੰ ਹੀ ਦਿੱਤਾ ਜਾਵੇ । ਉਹਨਾਂ ਇਹ ਵੀ ਕਿਹਾ ਕਿ ਜੇਕਰ ਕੁਸ਼ਲ ਵਰਕਰ ਇਸ ਇਲਾਕੇ ਵਿੱਚੋਂ ਨਹੀਂ ਮਿਲਦੇ ਤਾਂ ਸਾਰੇ ਐਸ.ਏ.ਐਸ ਨਗਰ ਜਿਲੇ ਵਿਚੋਂ ਹੀ ਲਏ ਜਾਣ ।
- ਪ੍ਰੋਜੈਕਟ ਪ੍ਰਪੋਨੈਂਟ ਵਲੋਂ ਆਮ ਜਨਤਾ ਨੂੰ ਸੁਣਨ ਅਤੇ ਅਟੈਂਡ ਕਰਨ ਲਈ ਇੱਕ ਯੋਗ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਜਨਤਾ ਨੂੰ ਫੈਕਟਰੀ ਦੇ ਅੰਦਰ ਆਉਣ ਦੀ ਸਹੂਲਤ ਲਈ ਸੇਫਟੀ ਅਤੇ ਸਕਿਉਰਟੀ ਨਾਲ ਸਮਝੋਤਾ ਕਿਤੇ ਬਿਨਾਂ ਇੱਕ ਯੋਗ ਤਰੀਕਾ ਅਪਨਾਉਣਾ ਚਾਹੀਦਾ ਹੈ ।

- ਧਰਤੀ ਹੇਠਲੇ ਪਾਣੀ ਦੇ ਪ੍ਰਦੂਸ਼ਣ ਦਾ ਜੇ ਕੋਈ ਮਾਮਲਾ ਹੈ ਤਾਂ ਉਹਨਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਉਹ ਇਸ ਉਪਰ ਕਾਰਵਾਈ ਯਕੀਨੀ ਬਨਾਉਣਗੇ ।
- ਜਿੱਥੋਂ ਤੱਕ ਸੁਆਹ ਦੀ ਸਮੱਸਿਆ ਹੈ, ਵਾਤਾਰਵਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਕਹਿ ਦਿਤਾ ਗਿਆ ਹੈ ਕਿ ਉਹ ਇਸ ਸਮੱਸਿਆ ਨੂੰ ਲੱਭ ਕੇ ਇਸ ਤੇ ਕਾਰਵਾਈ ਕਰਨ ।

ਇਸ ਪਬਲਿਕ ਹੀਰਿੰਗ ਵਿੱਚ 111 ਬੰਦਿਆਂ ਨੇ ਹਿੱਸਾ ਲਿਆ। ਵਾਤਾਵਰਨ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀਂ ਮੰਗੀ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

| | | |
|---|---|---|
| **(ਲਵਨੀਤ ਕੁਮਾਰ)**<br>**ਵਾਤਾਵਰਣ ਇੰਜੀਨੀਅਰ**<br>**ਪੀਪੀਸੀਬੀ, ਖੇਤਰੀ ਦਫਤਰ,**<br>**ਐਸ.ਏ.ਐਸ ਨਗਰ** | **(ਰਾਜ਼ੀਵ ਸ਼ਰਮਾਂ)**<br>**ਵਾਤਾਵਰਣ ਇੰਜੀਨੀਅਰ**<br>**ਪੀਪੀਸੀਬੀ, ਮੁੱਖ ਦਫਤਰ,**<br>**ਪਟਿਆਲਾ** | **(ਚਰਨ ਦੇਵ ਸਿੰਘ ਮਾਨ) ਪੀ.ਸੀ.ਐਸ.**<br>**ਅਡੀਸ਼ਨਲ ਡਿਪਟੀ ਕਮਿਸ਼ਨਰ (ਜਨ),**<br>**ਐਸ.ਏ.ਐਸ ਨਗਰ** |